# ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ

## Background Check Authorization

**ਸੈਕਸ਼ਨ 1. ਲੋੜੀਂਦੀ ਹੈ: ਬਿਨੈਕਾਰ ਦੀ ਜਾਣਕਾਰੀ (ਸਾਰੇ ਸੈਕਸ਼ਨ ਬਿਨੈਕਾਰ, ਪਿਛੋਕੜ ਸਬੰਧੀ ਜਾਂਚ ਪ੍ਰਾਪਤ ਕਰ ਰਹੇ ਵਿਅਕਤੀ ਵਲੋਂ ਭਰੇ ਜਾਣ)। ਬੇਨਤੀ ਕਰ ਰਹੀ ਸੰਸਥਾ, ਔਨਲਾਈਨ ਪਿਛੋਕੜ ਦੇ ਜਾਂਚ ਸਬੰਧੀ ਸਿਸਟਮ (BCS) ਰਾਹੀਂ ਬਿਨੈਕਾਰ ਦੀ ਜਾਣਕਾਰੀ ਸਬਮਿਟ ਕਰੇਗੀ।**

1. ਲੋੜੀਂਦਾ ਹੈ: ਕਾਨੂੰਨੀ ਨਾਂ, ਜੋ ਕਿ ਤੁਹਾਡੇ ਡ੍ਰਾਈਵਰ ਦੇ ਲਾਇਸੈਂਸ ਜਾਂ ਸਰਕਾਰ ਵਲੋਂ ਜਾਰੀ ਕੀਤੀ ਗਈ ਫੋਟੋ ਸ਼ਨਾਖ਼ਤ (ID) 'ਤੇ ਦਰਜ ਕੀਤਾ ਗਿਆ ਹੈ।

| ਪਹਿਲਾ | ਵਿਚਕਾਰਲਾ | ਆਖ਼ਰੀ |
|---|---|---|
| | | |

2. ਲੋੜੀਂਦਾ ਹੈ: ਕੋਈ ਹੋਰ ਪਹਿਲਾ, ਵਿਚਕਾਰਲਾ ਅਤੇ ਅੰਤਮ ਨਾਂ, ਜੋ ਤੁਸੀਂ ਇਸਤੇਮਾਲ ਕੀਤਾ ਹੈ

| ਪਹਿਲਾ | ਵਿਚਕਾਰਲਾ | ਆਖ਼ਰੀ |
|---|---|---|
| | | |

3. ਲੋੜੀਂਦੀ ਹੈ: ਜਨਮ-ਤਾਰੀਖ਼ (ਮਮ/ਦਦ/ਸਸਸਸ)

4. ਲੋੜੀਂਦਾ ਹੈ: ਫੋਨ ਨੰਬਰ (ਏਰੀਆ ਕੋਡ ਸ਼ਾਮਿਲ ਕਰੋ)

☐ ਮੈਂ BCCU ਨੂੰ ਵੇਰਵੇ ਵਾਲਾ ਮੈਸੇਜ ਛੱਡਣ ਦਾ ਅਖ਼ਤਿਆਰ ਦਿੰਦਾ/ਦਿੰਦੀ ਹਾਂ।

5. ਈਮੇਲ ਪਤਾ

☐ ਇਸ ਬਾੱਕਸ 'ਤੇ ਨਿਸ਼ਾਨ ਲਾਕੇ, ਮੈਂ ਆਪਣੇ ਗੁਪਤ ਅਤੇ ਸੰਵੇਦਨਸ਼ੀਲ ਪਿਛੋਕੜ ਬਾਰੇ ਜਾਣਕਾਰੀ ਈਮੇਲ ਕਰਨ ਲਈ BCCU ਨੂੰ ਸਹਿਮਤੀ ਅਤੇ ਅਖ਼ਤਿਆਰ ਦਿੰਦਾ/ਦਿੰਦੀ ਹਾਂ, ਇਸ ਵਿੱਚ ਮੇਰੇ ਵਲੋਂ ਉਪਲਬਧ ਕਰਾਏ ਗਏ ਈਮੇਲ ਪਤੇ 'ਤੇ ਉਂਗਲਾਂ ਦੀ ਛਾਪ ਦੀ ਰੈਪ ਸ਼ੀਟ (ਜੇ ਲਾਗੂ ਹੈ) ਸ਼ਾਮਿਲ ਹੈ। ਜੇ ਮੈਂ ਇਸ ਬਾੱਕਸ 'ਤੇ ਨਿਸ਼ਾਨ ਨਹੀਂ ਲਾਉਂਦਾ/ਲਾਉਂਦੀ, ਤਾਂ BCCU ਮੈਨੂੰ ਮੇਰੇ ਪਿਛੋਕੜ ਦੀ ਜਾਂਚ ਸਬੰਧੀ ਜਾਣਕਾਰੀ ਭੇਜਣ ਲਈ ਉਪਲਬਧ ਕਰਾਏ ਗਏ ਡਾਕ ਦੇ ਪਤੇ ਦੀ ਵਰਤੋਂ ਕਰੇਗੀ।

6. ਸੋਸ਼ਲ ਸਿਕਿਓਰਿਟੀ ਨੰਬਰ

7A. ਲੋੜੀਂਦਾ ਹੈ: ਡ੍ਰਾਈਵਰ ਦਾ ਵੈਧ ਲਾਇਸੈਂਸ ਜਾਂ ਸਟੇਟ ID **(ਜੇ ਕੋਈ ਵੀ ਨਹੀਂ ਹੈ, ਤਾਂ ਕੋਈ ਵੀ ਨਹੀਂ ਲਿਖੋ)**

7B. ਲੋੜੀਂਦੀ ਹੈ: ਜਾਰੀ ਕਰਨ ਵਾਲੀ ਸਟੇਟ

8. ਲੋੜੀਂਦਾ ਹੈ: ਕੀ ਤੁਸੀਂ ਪਿਛਲੇ ਤਿੰਨ ਸਾਲਾਂ (36 ਮਹੀਨਿਆਂ) ਦੇ ਅੰਦਰ ਵਾੱਸ਼ਿੰਗਟਨ ਸਟੇਟ ਤੋਂ ਛੁੱਟ ਕਿਸੇ ਸਟੇਟ ਜਾਂ ਦੇਸ਼ ਵਿੱਚ ਰਹਿੰਦੇ ਹੋ?
☐ ਹਾਂ ☐ ਨਹੀਂ

9. ਲੋੜੀਂਦਾ ਹੈ: ਡਾਕ ਪਤਾ, ਜਿੱਥੇ ਅਸੀਂ ਗੁਪਤ ਜਾਣਕਾਰੀ ਭੇਜ ਸਕਦੇ ਹਾਂ

| ਸੜਕ | ਅਪਾਰਟਮੈਂਟ। ਨੰਬਰ | ਸਿਟੀ | ਸਟੇਟ | ਜ਼ਿਪਕੋਡ |
|---|---|---|---|---|
| | | | | |

10. ਲੋੜੀਂਦਾ ਹੈ: ਪੱਕਾ ਪਤਾ, ਜਿੱਥੇ ਤੁਸੀਂ ਇਸ ਸਮੇਂ ਰਹਿੰਦੇ ਹੋ ("ਉਹੀ" ਲਿਖੋ, ਜੇ ਪਤਾ ਹੀ ਤੁਹਾਡਾ ਡਾਕ ਪਤਾ ਹੈ)

| ਸੜਕ | ਅਪਾਰਟਮੈਂਟ। ਨੰਬਰ | ਸਿਟੀ | ਸਟੇਟ | ਜ਼ਿਪਕੋਡ |
|---|---|---|---|---|
| | | | | |

**ਸੈਕਸ਼ਨ 2. ਲੋੜੀਂਦੀ ਹੈ: ਕਿਸੇ ਵੀ ਸਟੇਟ ਜਾਂ ਅਧਿਕਾਰ-ਖੇਤਰ ਤੋਂ ਸਾਰੀਆਂ ਸਜ਼ਾਵਾਂ ਜਾਂ ਵਿਚਾਰ-ਅਧੀਨ ਇਲਜ਼ਾਮਾਂ ਲਈ ਸਵੈ-ਖੁਲਾਸੇ ਬਾਰੇ ਸੁਆਲ। ਤੁਹਾਨੂੰ 11A ਤੋਂ 14 ਸੁਆਲਾਂ ਦੇ ਜਵਾਬ ਜ਼ਰੂਰ ਦੇਣੇ ਚਾਹੀਦੇ ਹਨ। ਜੇ ਤੁਹਾਡੇ ਜੁਰਮ ਜਾਂ ਵਿਚਾਰ-ਅਧੀਨ ਇਲਜ਼ਾਮ ਹਨ, ਤਾਂ ਨਾਲ ਪੰਨਾ 2 ਨੱਥੀ ਕਰੋ। ਹਿਦਾਇਤਾਂ ਵੇਖੋ।**

11A. ਕੀ ਤੁਹਾਨੂੰ ਕਿਸੇ ਜੁਰਮ ਦੀ ਸਜ਼ਾ ਹੋਈ ਹੈ? ਜੇ ਹਾਂ, ਤਾਂ ਪੰਨਾ 2, ਸੈਕਸ਼ਨ 3 ਪੂਰਾ ਕਰੋ।.......... ☐ ਹਾਂ ☐ ਨਹੀਂ

11B. ਕੀ ਤੁਹਾਡੇ ਜੁਰਮ ਲਈ ਤੁਹਾਡੇ ਵਿਰੁੱਧ ਕੋਈ ਇਲਜ਼ਾਮ (ਵਿਚਾਰ-ਅਧੀਨ) ਹਨ? ਜੇ ਹਾਂ, ਤਾਂ ਪੰਨਾ 2, ਸੈਕਸ਼ਨ 4 ਪੂਰਾ ਕਰੋ।.......... ☐ ਹਾਂ ☐ ਨਹੀਂ

12. ਕੀ ਕਿਸੇ ਅਦਾਲਤ ਜਾਂ ਸਟੇਟ ਦੀ ਏਜੰਸੀ ਨੇ ਕਦੀ ਇਹ ਕਹਿੰਦਿਆਂ ਆਦੇਸ਼ ਜਾਂ ਹੋਰ ਅੰਤਮ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ ਕਿ ਤੁਸੀਂ ਇੱਕ ਬੱਚੇ, ਗਭਰੂ ਜਾਂ ਕਮਜ਼ੋਰ ਬਾਲਗ਼ ਦਾ ਜਿਨਸੀ ਸ਼ੋਸ਼ਣ, ਸਰੀਰਕ ਸ਼ੋਸ਼ਣ, ਲਾਪਰਵਾਹੀ ਕੀਤੀ ਹੈ, ਛੱਡਿਆ ਹੈ ਜਾਂ ਸ਼ੋਸ਼ਣ ਕੀਤਾ ਹੈ? .......... ☐ ਹਾਂ ☐ ਨਹੀਂ

13. ਕੀ ਸਰਕਾਰੀ ਏਜੰਸੀ ਨੇ ਬੱਚਿਆਂ, ਨਾਬਾਲਗ਼ਾਂ ਜਾਂ ਕਮਜ਼ੋਰ ਬਾਲਗ਼ਾਂ ਦੀ ਸੰਭਾਲ ਕਰਨ ਵਿੱਚ ਨਾਕਾਮ ਰਹਿਣ ਬਦਲੇ ਤੁਹਾਡੇ ਇਕਰਾਰਨਾਮੇ ਜਾਂ ਲਾਇਸੈਂਸ ਨੂੰ ਕਦੀ ਖ਼ਾਰਜ ਕੀਤਾ ਹੈ, ਖ਼ਤਮ ਕੀਤਾ ਹੈ ਜਾਂ ਰੱਦ ਕੀਤਾ ਹੈ; ਜਾਂ ਕਦੀ ਤੁਸੀਂ ਆਪਣਾ ਇਕਰਾਰਨਾਮਾ ਜਾਂ ਲਾਇਸੈਂਸ ਛੱਡਿਆ ਸੀ, ਕਿਉਂਕਿ ਬੱਚਿਆਂ, ਨਾਬਾਲਗ਼ਾਂ ਜਾਂ ਕਮਜ਼ੋਰ ਬਾਲਗ਼ਾਂ ਦੀ ਸੰਭਾਲ ਕਰਨ ਵਿੱਚ ਨਾਕਾਮ ਰਹਿਣ ਬਦਲੇ ਸਰਕਾਰੀ ਏਜੰਸੀ ਤੁਹਾਡੇ ਖ਼ਿਲਾਫ਼ ਕਾਰਵਾਈ ਕਰ ਰਹੀ ਸੀ? .......... ☐ ਹਾਂ ☐ ਨਹੀਂ

14. ਕੀ ਅਦਾਲਤ ਨੇ ਕਦੀ ਕਮਜ਼ੋਰ ਬਾਲਗ਼, ਨਾਬਾਲਗ਼ ਜਾਂ ਬੱਚੇ ਦੇ ਸ਼ੋਸ਼ਣ, ਜਿਨਸੀ ਸ਼ੋਸ਼ਣ, ਲਾਪਰਵਾਹੀ ਕਰਨ, ਤਿਆਗਣ, ਘਰੇਲੂ ਹਿੰਸਾ, ਸ਼ੋਸ਼ਣ ਜਾਂ ਮਾਇਕ ਸ਼ੋਸ਼ਣ ਲਈ ਤੁਹਾਡੇ ਖ਼ਿਲਾਫ਼ ਹੇਠਾਂ ਦਿੱਤਿਆਂ ਵਿੱਚੋਂ ਕੋਈ ਆਦੇਸ਼ ਦਿੱਤਾ ਹੈ? .......... ☐ ਹਾਂ ☐ ਨਹੀਂ
   - ਕਮਜ਼ੋਰ ਬਾਲਗ਼ ਦੀ ਰਾਖੀ ਲਈ ਪੱਕਾ ਆਦੇਸ਼/ਰੋਕ ਸਬੰਧੀ ਆਦੇਸ਼, RCW 74.34 ਹੇਠ ਭਾਵੇਂ ਲਾਗੂ ਹੈ ਜਾਂ ਖ਼ਤਮ ਹੋ ਗਿਆ ਹੈ।
   - RCW 7.90 ਹੇਠ ਜਿਨਸੀ ਹਮਲੇ ਤੋਂ ਬਚਾਅ ਸਬੰਧੀ ਆਦੇਸ਼।
   - ਤੰਗ-ਪਰੇਸ਼ਾਨ ਕਰਨ ਖ਼ਿਲਾਫ਼ ਰਾਖੀ ਕਰਨ ਸਬੰਧੀ ਸਿਵਿਲ ਪੱਕਾ ਆਦੇਸ਼, RCW 10.14 ਹੇਠ ਭਾਵੇਂ ਲਾਗੂ ਹੈ ਜਾਂ ਖ਼ਤਮ ਹੋ ਗਿਆ ਹੈ।

ਮੈਂ ਉੱਪਰ ਦਿੱਤੇ ਗਏ ਨਾਂ ਵਾਲਾ ਸ਼ਖ਼ਸ ਹਾਂ। ਜੇ ਮੈਂ ਇਸ ਫ਼ਾਰਮ 'ਤੇ ਪੂਰਾ ਸੱਚ ਨਹੀਂ ਦੱਸਦਾ/ਦੱਸਦੀ, ਤਾਂ ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ 'ਤੇ ਝੂਠੇ ਹਲਫ਼ਨਾਮੇ ਦਾ ਇਲਜ਼ਾਮ ਲਾਇਆ ਜਾ ਸਕਦਾ ਹੈ ਅਤੇ ਮੈਨੂੰ ਕਮਜ਼ੋਰ ਬਾਲਗ਼ਾਂ, ਨਾਬਾਲਗ਼ਾਂ ਜਾਂ ਬੱਚਿਆਂ ਨਾਲ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਮੈਂ ਸਮਝਦਾ/ਸਮਝਦੀ ਹਾਂ ਅਤੇ ਸਹਿਮਤ ਹਾਂ ਕਿ ਹੇਠਾਂ ਦਿੱਤੇ ਬਾੱਕਸ ਵਿੱਚ ਮੇਰੇ ਦਸਤਖ਼ਤ ਦਾ ਮਤਲਬ ਹੈ ਕਿ:

- ਮੈਂ DSHS ਨੂੰ ਕਿਸੇ ਵੀ ਸਰਕਾਰੀ ਸੰਸਥਾ ਅਤੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਕੋਲ ਜਮ੍ਹਾ ਮੇਰੇ ਪਿਛੋਕੜ ਬਾਰੇ ਜਾਣਕਾਰੀ ਦੀ ਜਾਂਚ ਕਰਨ ਦੀ ਆਗਿਆ ਦਿੰਦਾ/ਦਿੰਦੀ ਹਾਂ।
- ਮੇਰੇ ਪਿਛੋਕੜ ਦੀ ਜਾਂਚ ਦੇ ਨਤੀਜੇ ਵਿੱਚ, ਪਹਿਲਾਂ ਦੇ ਸਵੈ-ਖੁਲਾਸੇ ਸਬੰਧੀ ਜਾਣਕਾਰੀ ਅਤੇ ਉਂਗਲਾਂ ਦੀ ਛਾਪ ਦੇ ਨਤੀਜੇ ਸ਼ਾਮਿਲ ਹੋ ਸਕਦੇ ਹਨ, ਜੋ ਕਿ DSHS ਦੇ ਪਿਛੋਕੜ ਦੀ ਜਾਂਚ ਸਬੰਧੀ ਸਿਸਟਮ ਵਿੱਚ ਮੌਜੂਦ ਹਨ ਅਤੇ ਕਿ ਇਸ ਜਾਣਕਾਰੀ ਨੂੰ ਫ਼ੈਡਰਲ ਜਾਂ ਸਟੇਟ ਦੇ ਕਾਨੂੰਨ ਰਾਹੀਂ ਦਿੱਤੀ ਗਈ ਆਗਿਆ ਵਜੋਂ ਦੱਸਿਆ ਜਾਏਗਾ।
- ਜੇ ਇੱਕ ਅੰਤਮ ਸਿੱਟੇ ਦੀ ਪਛਾਣ ਹੋ ਜਾਂਦੀ ਹੈ, ਤਾਂ DSHS ਸਿਰਫ਼ ਮੇਰਾ ਨਾਂ ਦੱਸੇਗੀ ਅਤੇ ਕਿ ਅੰਤਮ ਸਿੱਟੇ ਦੀ ਪਛਾਣ ਪਿਛੋਕੜ ਦੀ ਜਾਂਚ ਦੇ ਨਤੀਜੇ ਬਾਰੇ ਕੀਤੀ ਗਈ ਸੀ।
- DSHS ਮੇਰੇ ਪਿਛੋਕੜ ਦੀ ਜਾਂਚ ਸਬੰਧੀ ਨਤੀਜੇ, ਮੇਰੇ ਪਿਛੋਕੜ ਦੀ ਜਾਂਚ ਲਈ ਬੇਨਤੀ ਕਰ ਰਹੇ ਲੋਕਾਂ ਜਾਂ ਸੰਸਥਾਵਾਂ ਨੂੰ ਦਏਗੀ ਅਤੇ ਉਹ ਲੋਕ ਜਾਂ ਸੰਸਥਾਵਾਂ, ਜਦੋਂ ਕਾਨੂੰਨ ਆਗਿਆ ਦਿੰਦਾ ਹੈ ਜਾਂ DSHS ਨੂੰ ਇੰਜ ਕਰਨਾ ਪੈਂਦਾ ਹੈ, ਤਾਂ ਉਹ ਹੋਰਨਾਂ ਲੋਕਾਂ ਜਾਂ ਸੰਸਥਾਵਾਂ ਨੂੰ ਮੇਰੀ ਪਿਛੋਕੜ ਦੀ ਜਾਂਚ ਸਬੰਧੀ ਨਤੀਜੇ ਜਾਰੀ ਕਰ ਸਕਦੀ ਹੈ। ਜੇ ਫ਼ੈਡਰਲ ਜਾਂ ਸਟੇਟ ਦਾ ਕਾਨੂੰਨ ਆਗਿਆ ਦਿੰਦਾ ਹੈ, ਤਾਂ ਉਂਗਲਾਂ ਦੀ ਛਾਪ ਦੀਆਂ ਰੈਪ ਸ਼ੀਟਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ।

| 15. ਲੋੜੀਂਦੇ ਹਨ: ਦਸਤਖ਼ਤ। ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਤਾਂ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਦੇ ਦਸਤਖ਼ਤ | 16. ਲੋੜੀਂਦੀ ਹੈ: ਅੱਜ ਦੀ ਤਾਰੀਖ਼ (ਮਮ/ਦਦ/ਸਸਸਸ) |
|---|---|
| | |

# ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ

## ਜੁਰਮਾਂ ਅਤੇ ਵਿਚਾਰ-ਅਧੀਨ ਇਲਜ਼ਾਮਾਂ ਦੀ ਸੂਚੀ

## Background Check Authorization

## List of Crimes and Pending Charges

ਜੇ 11A ਜਾਂ 11B 'ਤੇ "ਹਾਂ" ਦਾ ਨਿਸ਼ਾਨ ਲਾਇਆ ਜਾਂਦਾ ਹੈ, ਤਾਂ ਇਸ ਪੰਨੇ ਨਾਲ ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ ਫ਼ਾਰਮ ਦਾ ਪੰਨਾ ਇੱਕ ਜ਼ਰੂਰ ਨੱਥੀ ਕਰਨਾ ਚਾਹੀਦਾ ਹੈ।

**ਸਵੈ-ਖੁਲਾਸੇ ਸਬੰਧੀ ਸੁਆਲਾਂ ਬਾਰੇ ਜਵਾਬ ਦੇਣ ਸਬੰਧੀ ਅਹਿਮ ਜਾਣਕਾਰੀ:** ਸਵੈ-ਖੁਲਾਸੇ ਸਬੰਧੀ ਸੁਆਲਾਂ ਲਈ ਤੁਹਾਡੇ ਜਵਾਬ, ਤੁਹਾਡੀ ਪਿਛੋਕੜ ਦੀ ਜਾਂਚ ਦੇ ਇਤਿਹਾਸ ਦਾ ਹਿੱਸਾ ਬਣ ਜਾਂਦੇ ਹਨ ਅਤੇ ਇਹਨਾਂ ਨੂੰ DSHS ਡੈਟਾਬੇਸ ਵਿੱਚ ਸਟੋਰ ਕੀਤਾ ਜਾਂਦਾ ਹੈ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀਂ ਇਲਜ਼ਾਮਾਂ ਸਬੰਧੀ ਦਸਤਾਵੇਜ਼, ਅਦਾਲਤੀ ਰਿਕਾੱਰਡ ਜਾਂ ਹੋਰ ਸਰਕਾਰੀ ਦਸਤਾਵੇਜ਼ ਅਤੇ ਕਿ ਜਿਹਨਾਂ ਵਿੱਚ ਤੁਸੀਂ ਮੁਜਰਮਾਨਾ ਸਜ਼ਾਵਾਂ, ਵਿਚਾਰ-ਅਧੀਨ ਇਲਜ਼ਾਮਾਂ ਬਾਰੇ, ਤਾਰੀਖ਼ਾਂ ਅਤੇ ਹੋਰ ਜਾਣਕਾਰੀ ਦਿੱਤੀ ਹੈ, ਨੂੰ ਜਿਵੇਂ ਕਿ ਉਹਨਾਂ ਦਸਤਾਵੇਜ਼ਾਂ ਦੀ ਸੂਚੀ ਬਣਾਈ ਹੈ, ਦਾ ਮਿਲਾਨ ਕਰਕੇ ਵੇਖੋ।

| | | |
|---|---|---|
| **ਲੋੜੀਂਦਾ ਹੈ:** ਆਪਣਾ ਨਾਂ ਲਿਖੋ, ਜੋ ਕਿ ਤੁਹਾਡੇ ਡ੍ਰਾਈਵਰ ਦੇ ਲਾਇਸੈਂਸ ਜਾਂ ਸਰਕਾਰ ਵਲੋਂ ਜਾਰੀ ਕੀਤੀ ਗਈ ਫ਼ੋਟੋ ID 'ਤੇ ਦਰਜ ਕੀਤਾ ਗਿਆ ਹੈ | | |
| ਪਹਿਲਾ: | ਵਿਚਕਾਰਲਾ: | ਅੰਤਮ: |
| **ਲੋੜੀਂਦੀ ਹੈ:** ਜਨਮ-ਤਾਰੀਖ਼ (ਮਮ/ਦਦ/ਸਸਸਸ) | | |

**ਸੈਕਸ਼ਨ 3. ਸੁਆਲ 11A.** ਜੇ ਤੁਸੀਂ ਹਾਂ 'ਤੇ ਨਿਸ਼ਾਨ ਲਾਇਆ ਹੈ, ਤਾਂ ਤੁਹਾਨੂੰ ਜੁਰਮ ਦਾ ਨਾਂ, ਫ਼ਰਮਾਨ (ਜੇ ਕੋਈ ਹੈ), ਸਟੇਟ, ਸਜ਼ਾ ਦੀ ਤਾਰੀਖ਼ ਅਤੇ ਜੁਰਮ ਸਬੰਧੀ ਜਾਣਕਾਰੀ ਜ਼ਰੂਰ ਭਰਨੀ ਚਾਹੀਦੀ ਹੈ।

| | | | |
|---|---|---|---|
| 1. ਜੁਰਮ ਦਾ ਨਾਂ | ਫ਼ਰਮਾਨ (ਜੇ ਕੋਈ ਹੈ) | ਸਟੇਟ | ਸਜ਼ਾ ਦੀ ਤਾਰੀਖ਼ (ਮਮ/ਦਦ/ਸਸਸਸ) |
| ਜੁਰਮ ਸਬੰਧੀ ਹੋਰ ਜਾਣਕਾਰੀ: ☐ ਹਮਲਾ ਕਰਨਾ ☐ ਸਾਜ਼ਿਸ਼ ☐ ਘਰੇਲੂ ਹਿੰਸਾ ☐ ਫ਼ਰਿਆਦ ਕਰਨੀ ☐ ਜਿਨਸੀ ਪ੍ਰੇਰਣਾ ਨਾਲ ☐ ਲਾਗੂ ਨਹੀਂ | | | |
| ਜੁਰਮ ਦਾ ਵੇਰਵਾ (ਇਸਦੀ ਲੋੜ ਪੈਂਦੀ ਹੈ, ਜਦੋਂ ਜੁਰਮ ਕੀਤਾ ਗਿਆ ਹੈ ਦਾਂ ਵਾੱਸ਼ਿੰਗਟਨ ਸਟੇਟ ਤੋਂ ਬਾਹਰ ਸਜ਼ਾ ਹੋਈ ਹੈ) | | | |
| 2. ਜੁਰਮ ਦਾ ਨਾਂ | ਫ਼ਰਮਾਨ (ਜੇ ਕੋਈ ਹੈ) | ਸਟੇਟ | ਸਜ਼ਾ ਦੀ ਤਾਰੀਖ਼ (ਮਮ/ਦਦ/ਸਸਸਸ) |
| ਜੁਰਮ ਸਬੰਧੀ ਹੋਰ ਜਾਣਕਾਰੀ: ☐ ਹਮਲਾ ਕਰਨਾ ☐ ਸਾਜ਼ਿਸ਼ ☐ ਘਰੇਲੂ ਹਿੰਸਾ ☐ ਫ਼ਰਿਆਦ ਕਰਨੀ ☐ ਜਿਨਸੀ ਪ੍ਰੇਰਣਾ ਨਾਲ ☐ ਲਾਗੂ ਨਹੀਂ | | | |
| ਜੁਰਮ ਦਾ ਵੇਰਵਾ (ਇਸਦੀ ਲੋੜ ਪੈਂਦੀ ਹੈ, ਜਦੋਂ ਜੁਰਮ ਕੀਤਾ ਗਿਆ ਹੈ ਜਾਂ ਵਾੱਸ਼ਿੰਗਟਨ ਸਟੇਟ ਤੋਂ ਬਾਹਰ ਸਜ਼ਾ ਹੋਈ ਹੈ) | | | |
| 3. ਜੁਰਮ ਦਾ ਨਾਂ | ਫ਼ਰਮਾਨ (ਜੇ ਕੋਈ ਹੈ) | ਸਟੇਟ | ਸਜ਼ਾ ਦੀ ਤਾਰੀਖ਼ (ਮਮ/ਦਦ/ਸਸਸਸ) |
| ਜੁਰਮ ਸਬੰਧੀ ਹੋਰ ਜਾਣਕਾਰੀ: ☐ ਹਮਲਾ ਕਰਨਾ ☐ ਸਾਜ਼ਿਸ਼ ☐ ਘਰੇਲੂ ਹਿੰਸਾ ☐ ਫ਼ਰਿਆਦ ਕਰਨੀ ☐ ਜਿਨਸੀ ਪ੍ਰੇਰਣਾ ਨਾਲ ☐ ਲਾਗੂ ਨਹੀਂ | | | |
| ਜੁਰਮ ਦਾ ਵੇਰਵਾ (ਇਸਦੀ ਲੋੜ ਪੈਂਦੀ ਹੈ, ਜਦੋਂ ਜੁਰਮ ਕੀਤਾ ਗਿਆ ਹੈ ਜਾਂ ਵਾੱਸ਼ਿੰਗਟਨ ਸਟੇਟ ਤੋਂ ਬਾਹਰ ਸਜ਼ਾ ਹੋਈ ਹੈ) | | | |

**ਸੈਕਸ਼ਨ 4. ਸੁਆਲ 11B.** ਜੇ ਤੁਸੀਂ ਹਾਂ 'ਤੇ ਨਿਸ਼ਾਨ ਲਾਇਆ ਹੈ, ਤਾਂ ਤੁਹਾਨੂੰ ਵਿਚਾਰ-ਅਧੀਨ ਜੁਰਮ ਦਾ ਨਾਂ, ਫ਼ਰਮਾਨ (ਜੇ ਕੋਈ ਹੈ), ਸਟੇਟ ਅਤੇ ਜੁਰਮ ਸਬੰਧੀ ਜਾਣਕਾਰੀ ਜ਼ਰੂਰ ਭਰਨੀ ਚਾਹੀਦੀ ਹੈ।

| | | | |
|---|---|---|---|
| 1. ਜੁਰਮ ਦਾ ਨਾਂ | | ਫ਼ਰਮਾਨ (ਜੇ ਕੋਈ ਹੈ) | ਸਟੇਟ |
| ਜੁਰਮ ਸਬੰਧੀ ਹੋਰ ਜਾਣਕਾਰੀ: ☐ ਹਮਲਾ ਕਰਨਾ ☐ ਸਾਜ਼ਿਸ਼ ☐ ਘਰੇਲੂ ਹਿੰਸਾ ☐ ਫ਼ਰਿਆਦ ਕਰਨੀ ☐ ਜਿਨਸੀ ਪ੍ਰੇਰਣਾ ਨਾਲ ☐ ਲਾਗੂ ਨਹੀਂ | | | |
| ਜੁਰਮ ਦਾ ਵੇਰਵਾ (ਇਸਦੀ ਲੋੜ ਪੈਂਦੀ ਹੈ, ਜਦੋਂ ਜੁਰਮ ਕੀਤਾ ਗਿਆ ਹੈ ਦਾਂ ਵਾੱਸ਼ਿੰਗਟਨ ਸਟੇਟ ਤੋਂ ਬਾਹਰ ਸਜ਼ਾ ਹੋਈ ਹੈ) | | | |
| 2. ਜੁਰਮ ਦਾ ਨਾਂ | ਫ਼ਰਮਾਨ (ਜੇ ਕੋਈ ਹੈ) | ਸਟੇਟ | ਸਜ਼ਾ ਦੀ ਤਾਰੀਖ਼ (ਮਮ/ਦਦ/ਸਸਸਸ) |
| ਜੁਰਮ ਸਬੰਧੀ ਹੋਰ ਜਾਣਕਾਰੀ: ☐ ਹਮਲਾ ਕਰਨਾ ☐ ਸਾਜ਼ਿਸ਼ ☐ ਘਰੇਲੂ ਹਿੰਸਾ ☐ ਫ਼ਰਿਆਦ ਕਰਨੀ ☐ ਜਿਨਸੀ ਪ੍ਰੇਰਣਾ ਨਾਲ ☐ ਲਾਗੂ ਨਹੀਂ | | | |
| ਜੁਰਮ ਦਾ ਵੇਰਵਾ (ਇਸਦੀ ਲੋੜ ਪੈਂਦੀ ਹੈ, ਜਦੋਂ ਜੁਰਮ ਕੀਤਾ ਗਿਆ ਹੈ ਦਾਂ ਵਾੱਸ਼ਿੰਗਟਨ ਸਟੇਟ ਤੋਂ ਬਾਹਰ ਸਜ਼ਾ ਹੋਈ ਹੈ) | | | |

## ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ ਫ਼ਾਰਮ, **DSHS 09-653** ਭਰਨ ਲਈ ਹਿਦਾਇਤਾਂ

ਇਹ ਹਿਦਾਇਤਾਂ, ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ ਫ਼ਾਰਮ ਭਰਨ ਲਈ ਆਮ ਸੇਧਾਂ ਦਿੰਦੀਆਂ ਹਨ। ਪਿਛੋਕੜ ਦੀ ਜਾਂਚ ਸਬੰਧੀ ਵੱਖ-ਵੱਖ ਜ਼ਰੂਰਤਾਂ ਪੂਰੀਆਂ ਕਰਨ ਲਈ ਬਹੁਪੱਖੀ DSHS ਪ੍ਰੋਗਰਾਮਾਂ ਰਾਹੀਂ ਵਰਤੋਂ ਕੀਤੀ ਜਾਂਦੀ ਹੈ। DSHS ਨਿਗਰਾਨੀ ਪ੍ਰੋਗਰਾਮ ਲਈ ਲੋੜੀਂਦੀ ਪਿਛੋਕੜ ਦੀ ਜਾਂਚ ਦੀਆਂ ਵਾਧੂ ਹਿਦਾਇਤਾਂ ਹੋ ਸਕਦੀਆਂ ਹਨ, ਜਿਹਨਾਂ ਦੀ ਤੁਹਾਨੂੰ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

ਮਹਤੱਵਪੂਰਣ: ਜਦ ਤੱਕ ਸਾਰੇ ਲੋੜੀਂਦੇ ਬਾੱਕਸ ਭਰੇ ਨਹੀਂ ਜਾਂਦੇ, ਬੇਨਤੀ ਕਰ ਰਹੀ ਸੰਸਥਾ ਤੁਹਾਡੇ ਪਿਛੋਕੜ ਦੀ ਜਾਂਚ ਸਬਮਿਟ ਨਹੀਂ ਕਰ ਸਕਦੀ। ਲੋੜੀਂਦੇ ਬਾੱਕਸ 'ਤੇ "ਲੋੜੀਂਦਾ" ਲਿਖਿਆ ਹੋਇਆ ਹੈ: ਜੋ ਕਿ ਬਾੱਕਸ ਨੰਬਰ ਦੇ ਸਾਹਮਣੇ ਹੈ। ਬੇਨਤੀ ਕਰ ਰਹੀ ਸੰਸਥਾ ਤੁਹਾਡੀ ਪੂਰੀ ਕੀਤੀ ਹੋਈ ਪਿਛੋਕੜ ਦੀ ਜਾਂਚ, ਔਨਲਾਈਨ ਪਿਛੋਕੜ ਜਾਂਚ ਸਿਸਟਮ (BCS) ਰਾਹੀਂ ਸਬਮਿਟ ਕਰੇਗੀ।

ਇਹ ਫ਼ਾਰਮ ਉਸ ਬਿਨੈਕਾਰ ਵਲੋਂ ਭਰਿਆ ਜਾਏ, ਜਿਸ ਵਿਅਕਤੀ ਦੇ ਪਿਛੋਕੜ ਦੀ ਜਾਂਚ DSHS ਕਰ ਰਹੀ ਹੈ।

| ਬਾੱਕਸ ਨੰਬਰ | ਹਿਦਾਇਤਾਂ |
|---|---|
| 1 | ਮੌਜੂਦਾ ਕਾਨੂੰਨੀ ਨਾਂ: ਆਪਣਾ ਪਹਿਲਾ, ਵਿਚਕਾਰਲਾ ਅਤੇ ਅੰਤਮ ਨਾਂ ਲਿਖੋ, ਜਿਵੇਂ ਕਿ ਉਹ ਤੁਹਾਡੇ ਮੌਜੂਦਾ ਡ੍ਰਾਈਵਰ ਦੇ ਲਾਇਸੈਂਸ ਜਾਂ ਹੋਰ ਮੁਢਲੇ ਫੋਟੋ ID 'ਤੇ ਦਰਜ ਹੈ। ਸਰਕਾਰ ਵਲੋਂ ਜਾਰੀ ਕੀਤੇ ਗਏ ਪ੍ਰਵਾਣਿਤ ਫੋਟੋ ID ਵਿੱਚ ਕਿਸੇ ਵੀ ਫ਼ੈਡਰਲ, ਸਟੇਟ ਜਾਂ ਸਥਾਨਕ ਸਰਕਾਰ ਵਲੋਂ ਜਾਰੀ ਕੀਤਾ ਗਿਆ ID, US ਮਿਲਟ੍ਰੀ ID, US ਜਾਂ ਵਿਦੇਸ਼ੀ ਪਾਸਪੋਰਟ ਜਾਂ ਫ਼ੈਡਰਲ ਵਲੋਂ ਮਾਣਤਾਪ੍ਰਾਪਤ ਟ੍ਰਾਈਬਲ ID ਸ਼ਾਮਿਲ ਹੁੰਦੀ ਹੈ। ਹਰ ਖਾਨੇ ਵਿੱਚ ਲਾਗੂ ਨਹੀਂ ਲਿਖੋ, ਜਿਸ ਵਿੱਚ ਭਰਨ ਲਈ ਤੁਹਾਡੇ ਕੋਲ ਨਾਂ ਨਹੀਂ ਹੈ। |
| 2 | ਹੋਰ ਦੂਜੇ (ਉਰਫ਼) ਨਾਂ: ਸਾਰੇ ਪਹਿਲੇ, ਵਿਚਕਾਰਲੇ ਜਾਂ ਅੰਤਮ ਨਾਂ ਲਿਖੋ, ਜਿਹਨਾਂ ਦੀ ਵਰਤੋਂ ਤੁਸੀਂ ਕੀਤੀ ਹੈ। ਹੋਰ ਨਾਵਾਂ ਵਿੱਚ ਛੋਟੇ ਨਾਂ, ਜਨਮ ਵੇਲੇ ਬੁਲਾਏ ਜਾਣ ਵਾਲੇ ਨਾਂ, ਵਿਆਹ ਤੋਂ ਪਹਿਲਾਂ ਦਾ ਨਾਂ (ਔਰਤਾਂ ਲਈ), ਆਦਿ ਜੇ ਤੁਸੀਂ ਕਿਸੇ ਹੋਰ ਪਹਿਲੇ, ਵਿਚਕਾਰਲੇ ਜਾਂ ਅੰਤਮ ਨਾਵਾਂ ਦੀ ਵਰਤੋਂ ਨਹੀਂ ਕੀਤੀ, ਤਾਂ ਤੁਹਾਨੂੰ ਢੁਕਵੇਂ ਬਾੱਕਸ ਵਿੱਚ ਲਾਗੂ ਨਹੀਂ ਜ਼ਰੂਰ ਭਰਨਾ ਚਾਹੀਦਾ ਹੈ। ਕੋਈ ਵੀ ਬਾੱਕਸ ਖ਼ਾਲੀ ਨਾ ਛੱਡੋ। |
| 3 | ਮਹੀਨਾ, ਦਿਨ ਅਤੇ ਸਾਲ (ਮਮ/ਦਦ/ਸਸਸਸ) ਲਿਖਦਿਆਂ ਹੋਇਆਂ, ਆਪਣੀ ਜਨਮ-ਤਾਰੀਖ਼ ਲਿਖੋ। |
| 4 | ਫੋਨ ਨੰਬਰ, ਜਿੱਥੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਬਾੱਕਸ 'ਤੇ ਨਿਸ਼ਾਨ ਲਾਕੇ, ਤੁਸੀਂ ਵੇਰਵੇ ਵਾਲੇ ਮੈਸੇਜ ਛੱਡਣ ਲਈ BCCU ਨੂੰ ਅਖ਼ਤਿਆਰ ਦੇ ਰਹੇ ਹੋ। |
| 5 | ਆਪਣਾ ਈਮੇਲ ਪਤਾ ਮੁਹੱਈਆ ਕਰਾਕੇ ਅਤੇ ਸਹਿਮਤੀ ਬਾੱਕਸ 'ਤੇ ਨਿਸ਼ਾਨ ਲਾਕੇ ਤੁਸੀਂ ਆਪਣੀ ਗੁਪਤ ਅਤੇ ਪਿਛੋਕੜ ਦੀ ਜਾਂਚ ਬਾਰੇ ਸੰਵੇਦਨਸ਼ੀਲ ਜਾਣਕਾਰੀ, ਇਸ ਵਿੱਚ ਉਂਗਲ ਦੀ ਛਾਪ ਵਾਲੀ ਰੈਪ ਸ਼ੀਟ (ਜੇ ਲਾਗੂ ਹੈ) ਸ਼ਾਮਿਲ ਹੁੰਦੀ ਹੈ, ਭੇਜਣ ਦੀ ਸਹਿਮਤੀ BCCU ਨੂੰ ਦਿੰਦੇ ਹੋ। ਜਦੋਂ ਪਿਛੋਕੜ ਸਬੰਧੀ ਕੋਈ ਜਾਣਕਾਰੀ (ਕੋਈ ਰਿਕਾੱਰਡ ਨਹੀਂ) ਨਹੀਂ ਮਿਲਦੀ, ਤਾਂ BCCU ਡਾਕ ਜਾਂ ਈਮੇਲ ਨਹੀਂ ਭੇਜੇਗੀ। ਜੇ ਤੁਹਾਡੇ ਸੁਆਲ ਹਨ, ਤਾਂ BCCU ਨਾਲ ਸੰਪਰਕ ਕਰੋ। |
| 6 | ਤੁਸੀਂ ਆਪਣਾ ਸੋਸ਼ਲ ਸਿਕਿਓਰਿਟੀ ਨੰਬਰ ਦੇਣ ਦੀ ਚੋਣ ਕਰ ਸਕਦੇ ਹੋ। ਸੋਸ਼ਲ ਸਿਕਿਓਰਿਟੀ ਨੰਬਰ, ਸਾਡੇ ਡੈਟਾਬੇਸ ਵਿੱਚ ਮੌਜੂਦਾ ਰਿਕਾੱਰਡਾਂ ਨਾਲ ਤੁਹਾਡੇ ਨਾਂ ਅਤੇ ਜਨਮ-ਤਾਰੀਖ਼ ਦਾ ਮਿਲਾਨ ਕਰਨ ਵਿੱਚ ਪਿਛੋਕੜ ਦੀ ਜਾਂਚ ਸਬੰਧੀ ਸੈਂਟਰਲ ਯੂਨਿਟ (BCCU) ਦੀ ਮਦਦ ਕਰਦਾ ਹੈ ਅਤੇ ਤੁਹਾਡੇ ਪਿਛੋਕੜ ਦੀ ਜਾਂਚ ਪੂਰੀ ਕਰਨ ਦੀ ਰਫ਼ਤਾਰ ਵਧਾ ਸਕਦਾ ਹੈ। |
| 7A | ਆਪਣਾ ਡ੍ਰਾਈਵਰ ਦਾ ਲਾਇਸੈਂਸ ਜਾਂ ਸਟੇਟ ਵਲੋਂ ਜਾਰੀ ਕੀਤਾ ਗਿਆ ID ਨੰਬਰ ਲਿਖੋ। |
| 7B | ਸਟੇਟ, ਜਿੱਥੇ ਡ੍ਰਾਈਵਰ ਦਾ ਲਾਇਸੈਂਸ ਜਾਂ ID ਜਾਰੀ ਕੀਤਾ ਗਿਆ ਸੀ। |
| 8 | ਜੇ ਤੁਸੀਂ ਪਿਛਲੇ ਤਿੰਨ ਸਾਲਾਂ (36 ਮਹੀਨਿਆਂ) ਤੋਂ ਕਿਸੇ ਹੋਰ ਸਟੇਟ ਜਾਂ ਦੇਸ਼ ਵਿੱਚ ਰਹੇ ਬਿਨਾ ਲਗਾਤਾਰ ਵਾੱਸ਼ਿੰਗਟਨ ਸਟੇਟ ਵਿੱਚ ਰਹਿੰਦੇ ਹੋ, ਤਾਂ ਨਹੀਂ ਲਿਖੋ। ਜੇ ਤੁਸੀਂ ਪਿਛਲੇ ਤਿੰਨ ਸਾਲਾਂ (36 ਮਹੀਨਿਆਂ) ਦੇ ਅੰਦਰ ਵਾੱਸ਼ਿੰਗਟਨ ਸਟੇਟ ਤੋਂ ਛੁੱਟ ਕਿਸੇ ਹੋਰ ਸਟੇਟ ਜਾਂ ਦੇਸ਼ ਵਿੱਚ ਰਹਿੰਦੇ ਹੋ, ਤਾਂ ਹਾਂ ਲਿਖੋ। |
| 9 | ਆਪਣਾ ਡਾਕ ਪਤਾ ਲਿਖੋ, ਜਿੱਥੇ BCCU ਤੁਹਾਡੇ ਪਿਛੋਕੜ ਦੀ ਜਾਂਚ ਸਬੰਧੀ ਨਤੀਜਿਆਂ ਦੀ ਕਾੱਪੀ ਵਰਗੀ ਗੁਪਤ ਜਾਣਕਾਰੀ ਭੇਜ ਸਕਦੀ ਹੈ। |
| 10 | ਜੇ ਘਰ ਦਾ ਪਤਾ, ਤੁਹਾਡੇ ਡਾਕ ਪਤੇ ਨਾਲੋਂ ਵੱਖਰਾ ਹੈ, ਤਾਂ ਪਤਾ ਲਿਖੋ। ਜੇ ਤੁਹਾਡੇ ਘਰ ਦਾ ਪਤਾ ਅਤੇ ਡਾਕ ਦਾ ਪਤਾ ਉਹੀ ਹੈ, ਤਾਂ ਉਹੀ ਭਰੋ। |
| 11A | ਤੁਹਾਨੂੰ ਹਾਂ ਜਾਂ ਨਹੀਂ 'ਤੇ ਨਿਸ਼ਾਨ ਜ਼ਰੂਰ ਲਾਉਣਾ ਚਾਹੀਦਾ ਹੈ। ਜੇ ਤੁਸੀਂ ਹਾਂ 'ਤੇ ਨਿਸ਼ਾਨ ਲਾਇਆ ਹੈ, ਪੰਨਾ 2, ਸੈਕਸ਼ਨ 3 ਭਰੋ, ਜੁਰਮ ਦਾ ਨਾਂ, ਫ਼ਰਮਾਨ (ਜੇ ਕੋਈ ਹੈ), ਸਟੇਟ ਅਤੇ ਸਜ਼ਾ ਦੀ ਤਾਰੀਖ਼ (ਮਮ/ਦਦ/ਸਸਸਸ) ਭਰਕੇ ਫ਼ਾਰਮ ਵਿੱਚ ਜੁਰਮ ਅਤੇ ਵਿਚਾਰ-ਅਧੀਨ ਇਲਜ਼ਾਮ ਲਿਖੋ। ਜੁਰਮ ਬਾਰੇ ਹੋਰ ਸਹੀ ਜਾਣਕਾਰੀ ਬਾੱਕਸ ਜਾਂ ਲਾਗੂ ਨਹੀਂ 'ਤੇ ਨਿਸ਼ਾਨ ਲਾਓ। ਜੇ ਜੁਰਮ ਵਾੱਸ਼ਿੰਗਟਨ ਸਟੇਟ ਦੇ ਬਾਹਰ ਕੀਤਾ ਗਿਆ ਸੀ, ਤਾਂ ਸੰਖੇਪ ਵੇਰਵਾ ਦਿਓ। ਜੇ ਤੁਹਾਨੂੰ ਹੋਰ ਸਜ਼ਾਵਾਂ ਲਿਖਣ ਦੀ ਲੋੜ ਹੈ, ਤਾਂ ਫ਼ਾਰਮ ਨਾਲ ਪੰਨਾ 2 ਦੀਆਂ ਵਾਧੂ ਕਾੱਪੀਆਂ ਨੱਥੀ ਕਰੋ। ਆਪਣਾ ਨਾਂ ਅਤੇ ਉੱਪਰ ਦਿੱਤੀ ਲੋੜੀਂਦੀ ਸਾਰੀ ਜਾਣਕਾਰੀ ਸ਼ਾਮਿਲ ਕਰੋ। |
| 11B | ਤੁਹਾਨੂੰ ਹਾਂ ਜਾਂ ਨਹੀਂ 'ਤੇ ਨਿਸ਼ਾਨ ਜ਼ਰੂਰ ਲਾਉਣਾ ਚਾਹੀਦਾ ਹੈ। ਜੇ ਤੁਸੀਂ ਹਾਂ 'ਤੇ ਨਿਸ਼ਾਨ ਲਾਇਆ ਹੈ, ਤਾਂ ਤੁਹਾਨੂੰ ਜੁਰਮ ਦਾ ਨਾਂ, ਫ਼ਰਮਾਨ (ਜੇ ਕੋਈ ਹੈ), ਸਟੇਟ, ਸਜ਼ਾ ਦੀ ਤਾਰੀਖ਼ ਅਤੇ ਜੁਰਮ ਸਬੰਧੀ ਜਾਣਕਾਰੀ ਜ਼ਰੂਰ ਭਰਨੀ ਚਾਹੀਦੀ ਹੈ। ਜੁਰਮ ਬਾਰੇ ਹੋਰ ਸਹੀ ਜਾਣਕਾਰੀ ਬਾੱਕਸ ਜਾਂ ਲਾਗੂ ਨਹੀਂ 'ਤੇ ਨਿਸ਼ਾਨ ਲਾਓ। ਜੇ ਜੁਰਮ ਵਾੱਸ਼ਿੰਗਟਨ ਸਟੇਟ ਦੇ ਬਾਹਰ ਕੀਤਾ ਗਿਆ ਸੀ, ਤਾਂ ਸੰਖੇਪ ਵੇਰਵਾ ਦਿਓ। ਜੇ ਤੁਹਾਨੂੰ ਹੋਰ ਵਿਚਾਰ-ਅਧੀਨ ਇਲਜ਼ਾਮ ਲਿਖਣ ਦੀ ਲੋੜ ਹੈ, ਤਾਂ ਫ਼ਾਰਮ ਨਾਲ ਪੰਨਾ 2 ਦੀਆਂ ਵਾਧੂ ਕਾੱਪੀਆਂ ਨਾਲ ਨੱਥੀ ਕਰੋ। ਆਪਣਾ ਨਾਂ ਅਤੇ ਉੱਪਰ ਦਿੱਤੀ ਲੋੜੀਂਦੀ ਸਾਰੀ ਜਾਣਕਾਰੀ ਸ਼ਾਮਿਲ ਕਰੋ। |
| 12 – 14 | ਜਵਾਬ ਦੇਣ ਤੋਂ ਪਹਿਲਾਂ ਹਰ ਸੁਆਲ ਧਿਆਨ ਨਾਲ ਪੜ੍ਹੋ। ਤੁਹਾਨੂੰ ਹਾਂ ਜਾਂ ਨਹੀਂ 'ਤੇ ਨਿਸ਼ਾਨ ਜ਼ਰੂਰ ਲਾਉਣਾ ਚਾਹੀਦਾ ਹੈ।<br>ਸੁਆਲ **14:** ਪੱਕੇ ਦਾ ਮਤਲਬ ਹੈ ਕਿ ਆਦੇਸ਼ ਜਾਂ ਤਾਂ ਸੁਣਵਾਈ ਤੋਂ ਬਾਅਦ ਜਾਂ ਧਿਰਾਂ ਦੀ ਲੋੜ ਅਨੁਸਾਰ ਜਾਰੀ ਕੀਤਾ ਗਿਆ ਸੀ**।** |
| 15 | ਉੱਪਰ ਦਿੱਤਾ ਬਿਆਨ ਪੜ੍ਹੋ ਅਤੇ ਬਾੱਕਸ 1 ਵਿੱਚ ਲਿਖੇ ਅਨੁਸਾਰ ਆਪਣੇ ਨਾਂ ਦੇ ਦਸਤਖ਼ਤ ਕਰੋ। ਜੇ ਤੁਸੀਂ 18 ਸਾਲ ਦੇ ਨਹੀਂ ਹੋ, ਤਾਂ ਤੁਹਾਡੇ ਲਈ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਦਸਤਖ਼ਤ ਕਰਨੇ ਚਾਹੀਦੇ ਹਨ। |
| 16 | ਮਹੀਨਾ/ਦਿਨ/ਸਾਲ (ਮਮ/ਦਦ/ਸਸਸਸ), ਤੁਸੀਂ ਬਾੱਕਸ 15 'ਤੇ ਦਸਤਖ਼ਤ ਕੀਤੇ ਹਨ। |

ਸਵੈ-ਖੁਲਾਸੇ ਸਬੰਧੀ ਸੁਆਲਾਂ ਬਾਰੇ ਜਵਾਬ ਦੇਣ ਸਬੰਧੀ ਅਹਿਮ ਜਾਣਕਾਰੀ **(11A-14)**: ਸਵੈ-ਖੁਲਾਸੇ ਸਬੰਧੀ ਸੁਆਲਾਂ ਲਈ ਤੁਹਾਡੇ ਜਵਾਬ, ਤੁਹਾਡੀ ਪਿਛੋਕੜ ਦੀ ਜਾਂਚ ਦੇ ਇਤਿਹਾਸ ਦਾ ਹਿੱਸਾ ਬਣ ਜਾਂਦੇ ਹਨ ਅਤੇ ਇਹਨਾਂ ਨੂੰ DSHS ਡੈਟਾਬੇਸ ਵਿੱਚ ਸਟੋਰ ਕੀਤਾ ਜਾਂਦਾ ਹੈ। ਸਵੈ-ਖੁਲਾਸਿਆਂ ਨੂੰ ਵੀ ਸਾਨੂੰ ਮਿਲਣ ਵਾਲੇ ਤੁਹਾਡੇ ਕਿਸੇ ਹੋਰ ਪਿਛੋਕੜ ਦੀ ਜਾਂਚ ਦੇ ਇਤਿਹਾਸ ਵਾਂਗ, ਤੁਹਾਡੀ ਪਿਛੋਕੜ ਦੀ ਜਾਂਚ ਦੇ ਨਤੀਜੇ ਦੇ ਹਿੱਸੇ ਵਜੋਂ ਦੱਸਿਆ ਜਾਂਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਸਵੈ-ਖੁਲਾਸੇ ਬਾਰੇ ਤੁਹਾਡੇ ਸੁਆਲਾਂ ਦੇ ਜਵਾਬ ਸਟੀਕ ਅਤੇ ਇਕਸਾਰ ਹਨ। ਦ੍ਰਿੜ੍ਹਤਾ ਨਾਲ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਸਵੈ-ਖੁਲਾਸੇ ਬਾਰੇ ਸੁਆਲਾਂ ਦੇ ਤੁਹਾਡੇ ਜਵਾਬ ਉਸੀ ਤਰ੍ਹਾਂ ਦਿੱਤੇ ਜਾਣ, ਜਿਵੇਂ ਤੁਸੀਂ ਹਰ ਵਾਰੀ ਪਿਛੋਕੜ ਦੀ ਜਾਂਚ ਸਬੰਧੀ ਅਖ਼ਤਿਆਰਨਾਮਾ ਫ਼ਾਰਮ ਭਰਨ ਵੇਲੇ ਦਿੰਦੇ ਹੋ, ਜਦ ਤੱਕ ਕਿ ਸੁਆਲ ਬਦਲ ਨਾ ਗਿਆ ਹੋਵੇ ਜਾਂ ਪਿਛਲਾ ਜਵਾਬ ਗ਼ਲਤ ਸੀ। ਇਹ ਸੁਝਾਅ ਵੀ ਦਿੱਤਾ ਜਾਂਦਾ ਹੈ ਕਿ ਤੁਸੀਂ ਇਲਜ਼ਾਮਾਂ ਸਬੰਧੀ ਦਸਤਾਵੇਜ਼, ਅਦਾਲਤੀ ਰਿਕਾੱਰਡ ਜਾਂ ਹੋਰ ਸਰਕਾਰੀ ਦਸਤਾਵੇਜ਼ ਅਤੇ ਕਿ ਜਿਹਨਾਂ ਵਿੱਚ ਤੁਸੀਂ ਮੁਜਰਮਾਨਾ ਸਜ਼ਾਵਾਂ, ਵਿਚਾਰ-ਅਧੀਨ ਇਲਜ਼ਾਮਾਂ ਬਾਰੇ, ਤਾਰੀਖ਼ਾਂ ਅਤੇ ਹੋਰ ਜਾਣਕਾਰੀ ਦਿੱਤੀ ਹੈ, ਨੂੰ ਜਿਵੇਂ ਕਿ ਉਹਨਾਂ ਦਸਤਾਵੇਜ਼ਾਂ ਦੀ ਸੂਚੀ ਬਣਾਈ ਹੈ, ਦਾ ਮਿਲਾਨ ਕਰਕੇ ਵੇਖੋ।

ਪਿਛੋਕੜ ਦੀ ਜਾਂਚ ਸਬੰਧੀ ਅਮਲ ਬਾਰੇ ਸੁਆਲ: ਈਮੇਲ bccuinquiry@dshs.wa.gov ਰਾਹੀਂ ਜਾਂ ਫੋਨ 360-902-0299. 'ਤੇ ਪਿਛੋਕੜ ਦੀ ਜਾਂਚ ਸਬੰਧੀ ਸੈਂਟਰਲ ਯੂਨਿਟ (BCCU) ਨਾਲ ਸੰਪਰਕ ਕਰੋ